## ਸਕੂਲ ਦੀਆਂ ਉਮੀਦਾਂ

ਐਲੀਮੈਂਟਰੀ (Elementary) ਸਕੂਲ ਵਿਚ ਮਾਤਾ ਪਿਤਾ/ਸੰਭਾਲ ਕਰਨ ਵਾਲਿਆਂ ਨੂੰ ਅਕਸਰ ਇਹ ਪੁੱਛਿਆ ਜਾਂਦਾ ਹੈ ਕਿ ਉਹ ਬੱਚਿਆਂ ਦੇ ਖੇਤਰੀ ਦੌਰੇ (Field Trips/ਫੀਲਡ ਟ੍ਰਿਪਸ) ਤੇ ਨਾਲ ਜਾ ਕੇ ਜਾਂ ਕਲਾਸ ਵਿਚ ਆ ਕੇ ਮਦਦ ਕਰਨ ਦੇ ਚਾਹਵਾਨ ਹਨ। ਇਹ ਸੱਦੇ ਸੇਵਾਦਾਰ/ਵਲੰਟੀਅਰ ਬਣਨ ਲਈ ਹੁੰਦੇ ਹਨ। ਜੇ ਤੁਸੀਂ ਇਹ ਕਰ ਸਕਦੇ ਹੋ ਤਾਂ ਸਕੂਲ ਪ੍ਰਣਾਲੀ ਅਤੇ ਤੁਹਾਡੇ ਬੱਚੇ ਦੀ ਸਿੱਖਿਆ ਦੇ ਬਾਰੇ ਜਾਣਕਾਰੀ ਲੈਣ ਦਾ ਇਹ ਇੱਕ ਵਡਮੁੱਲਾ ਤਰੀਕਾ ਹੈ।



**"What Schools Expect from Students and their Families"**

**"ਵਿਦਿਆਰਥੀਆਂ ਅਤੇ ਉਹਨਾਂ ਦੇ ਪਰਿਵਾਰਾਂ ਤੋਂ ਸਕੂਲ ਕੀ ਉਮੀਦਾਂ ਰੱਖਦੇ ਹਨ"**

ਇਹ ਬਰੋਸ਼ਰ ਵੈਨਕੂਵਰ ਸਕੂਲ ਬੋਰਡ ਦੇ ਸੈੱਟਲਮੈਂਟ ਵਰਕਰਾਂ ਵੱਲੋਂ ਸਪੌਂਸਰ ਕੀਤੇ ਗਏ ਕਈ ਬਰੋਸ਼ਰਾਂ ਵਿੱਚੋਂ ਇੱਕ ਹੈ ਅਤੇ ਇਸਦੀ ਰਚਨਾ ਕੁੱਝ ਈ ਐਸ ਐਲ ਅਧਿਆਪਕਾਂ ਅਤੇ ਵੈਨਕੂਵਰ ਸਕੂਲ ਬੋਰਡ ਦੇ ਮਲਟੀਕਲਚਰਲ ਲੀਏਜ਼ੌਨ ਵਰਕਰਾਂ ਨੇ ਮਿਲ ਕੇ ਕੀਤੀ ਹੈ।

BRITISH COLUMBIA The Best Place on Earth | WelcomeBC

Canada

VSB

ਅਸੀਂ 'ਮਨਿਸਟਰੀ ਆਫ ਅਡਵਾਂਸਡ ਐਜੂਕੇਸ਼ਨ ਐਂਡ ਲੇਬਰ ਮਾਰਕਿਟ ਡਿਵੈਲਪਮੈਂਟ' ਅਤੇ 'ਸਿਟਿਜ਼ਨਸ਼ਿਪ ਐਂਡ ਇਮਿਗ੍ਰੇਸ਼ਨ ਕੈਨੇਡਾ' ਵੱਲੋਂ ਮਿਲੀ ਵਿੱਤੀ ਮਦਦ ਲਈ ਧੰਨਵਾਦੀ ਹਾਂ।

# ਵਿਦਿਆਰਥੀਆਂ ਅਤੇ ਉਹਨਾਂ ਦੇ ਪਰਿਵਾਰਾਂ ਤੋਂ ਸਕੂਲ ਕੀ ਉਮੀਦਾਂ ਰੱਖਦੇ ਹਨ



# ਸਕੂਲ ਦੀਆਂ ਉਮੀਦਾਂ

## ਵਿਦਿਆਰਥੀਆਂ ਲਈ

– ਸਕੂਲ ਵਿਚ ਵੱਧ ਤੋਂ ਵੱਧ ਹਾਜ਼ਰ ਹੋਵੋ ਅਤੇ ਹਰ ਕਲਾਸ ਵਿਚ ਸਮੇਂ ਸਿਰ ਪਹੁੰਚੋ।

– ਪੂਰਾ ਆਰਾਮ ਕਰ ਕੇ ਅਤੇ ਸਿੱਖਣ ਲਈ ਤਿਆਰ ਹੋ ਕੇ ਸਕੂਲ ਵਿਚ ਆਓ।

– ਨਾਸ਼ਤਾ ਖਾਓ ਅਤੇ ਆਪਣੇ ਨਾਲ ਰਿਸੈੱਸ ਲਈ ਫਲ ਜਾਂ ਹਲਕਾ ਖਾਣਾ ਅਤੇ ਦੁਪਿਹਰ ਦਾ ਭੋਜਨ ਵੀ ਲੈ ਕੇ ਆਓ । ('ਪੇਰੈਂਟਿੰਗ' ਦਾ ਬਰੋਸ਼ਰ ਵੇਖੋ)।

- ਮੌਸਮ ਅਤੇ ਰੁੱਤ ਅਨੁਸਾਰ ਸਕੂਲ ਲਈ ਕੱਪੜੇ ਪਾਓ।



## ਮਾਤਾ ਪਿਤਾ/ਸੰਭਾਲ ਕਰਨ ਵਾਲਿਆਂ ਲਈ

– ਸਕੂਲ / ਅਧਿਆਪਕਾਂ ਵੱਲੋਂ ਘਰ ਭੇਜੀਆਂ ਹੋਈਆਂ ਸੂਚਨਾਵਾਂ ਅਤੇ ਚਿੱਠੀਆਂ ਨੂੰ ਪੜ੍ਹੋ; ਜੇਕਰ ਅੰਗਰੇਜ਼ੀ ਨਹੀ ਪੜ੍ਹ ਸਕਦੇ ਤਾਂ ਕਿਸੇ ਤੋਂ ਅਨੁਵਾਦ ਕਰਵਾਓ।

– ਫਾਰਮਾਂ ਅਤੇ ਅਰਜ਼ੀਆਂ ਨੂੰ ਵਾਪਸ ਦੇਣ ਦੀ ਤਰੀਕ ਤੋਂ ਪਹਿਲਾਂ ਅਧਿਆਪਕ ਨੂੰ ਮੋੜ ਦਿਓ।

– ਜੇਕਰ ਤੁਹਾਡਾ ਬੱਚਾ ਕਲਾਸ ਦਾ ਕੰਮ ਨਹੀਂ ਸਮਝਦਾ ਜਾਂ ਦੂਜੇ ਬੱਚਿਆਂ ਨਾਲ ਮੁਸ਼ਕਲਾਂ ਮਹਿਸੂਸ ਕਰ ਰਿਹਾ ਹੈ ਤਾਂ ਅਧਿਆਪਕ ਨੂੰ ਸੂਚਿਤ ਕਰੋ।

– ਮਾਤਾ ਪਿਤਾ ਦੀਆਂ ਅਧਿਆਪਕਾਂ ਨਾਲ ਮੀਟਿੰਗਾਂ ਵਿਚ ਹਿੱਸਾ ਲਓ।

– ਜੇਕਰ ਤੁਸੀਂ ਆਪਣੇ ਬੱਚੇ ਬਾਰੇ ਗੱਲ ਬਾਤ ਕਰਨਾ ਜਾਂ ਉਸਦੀ ਸਿੱਖਿਆ ਬਾਰੇ ਕੋਈ ਸਵਾਲ ਕਰਨਾ ਚਾਹੁੰਦੇ ਹੋ ਤਾਂ ਸਕੂਲ ਦੇ ਸਮੇ ਤੋਂ ਪਹਿਲਾਂ ਜਾਂ ਬਾਦ ਵਿਚ ਅਧਿਆਪਕ ਨਾਲ ਮੀਟਿੰਗ ਦਾ ਸਮਾਂ ਨਿਰਧਾਰਤ ਕਰੋ।

– ਸਾਰੀਆਂ ਮੀਟਿੰਗਾਂ ਵਿਚ ਸਮੇਂ ਸਿਰ ਪਹੁੰਚਣਾ ਜ਼ਰੂਰੀ ਹੈ ।



– ਅਧਿਆਪਕ ਨਾਲ ਗੱਲ ਬਾਤ ਸੰਖੇਪ ਰਖੋ ।

– ਜੇਕਰ ਤੁਹਾਨੂੰ ਆਪਣੇ ਬੱਚੇ ਬਾਰੇ ਕੋਈ ਵੀ ਫਿਕਰ ਜਾਂ ਪਰੇਸ਼ਾਨੀ ਹੈ ਤਾਂ ਅਧਿਆਪਕ ਨਾਲ ਗੱਲ ਬਾਤ ਕਰੋ ।

– ਅਧਿਆਪਕ ਨੂੰ ਆਪਣੇ ਬੱਚੇ ਦੀਆਂ ਚੰਗਿਆਈਆਂ ਬਾਰੇ ਵੀ ਦੱਸੋ।

– ਜੇਕਰ ਆਪ ਘਰ ਵਿਚ ਬੱਚੇ ਦੀ ਸਹਾਇਤਾ ਕਰਨ ਸੰਬੰਧੀ ਲੋੜ ਮਹਿਸੂਸ ਕਰਦੇ ਹੋ ਤਾਂ ਸੁਝਾਵਾਂ ਲਈ ਅਧਿਆਪਕ ਨਾਲ ਗੱਲਬਾਤ ਕਰੋ। (ਬਰੋਸ਼ਰ 'ਘਰ ਵਿਚ ਆਪਣੇ ਬੱਚੇ ਦੀ ਪੜ੍ਹਾਈ ਦੀ ਮਦਦ ਕਰਨ ਦੇ ਤਰੀਕੇ' ਵੀ ਵੇਖੋ ।)